**Annual Syllabus (2025-26)**

**Class- VI**

**Subject- Punjabi**

| **ਮਾਣਕ-ਮਾਲਾ ਭਾਗ-1 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ-ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | **ਸਿੱਖਣ ਉਦੇਸ਼ (ਸੁਝਾਤਮਕ)** | **ਸਿੱਖਣ ਨਤੀਜੇ (ਸੁਝਾਤਮਕ)** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-1**<br>**ਮੁਕਤਾ, ਕੰਨਾ ਤੇ ਅੱਖਰ ਬਣਤਰ** | ਰਲਦੀ-ਮਿਲਦੀ ਬਣਤਰ ਵਾਲੇ ਅੱਖਰ- ਹ, ਰ, ਗ, ਗ਼,ਸ, ਸ਼,ਮ,ਅ<br>ਮੁਕਤਾ ਅਤੇ ਕੰਨਾ | ਖਾਲੀ ਥਾਵਾਂ, ਹਿੰਦੀ ਅਤੇ ਪੰਜਾਬੀ ਸ਼ਬਦ ਬਣਾਉਣੇ। | -ਵਿਦਿਆਰਥੀਆਂ ਦੀ ਪੰਜਾਬੀ ਭਾਸ਼ਾ ਪ੍ਰਤੀ ਰੁਚੀ ਪੈਦਾ ਕਰਨਾ।<br>-ਪੰਜਾਬੀ ਭਾਸ਼ਾ ਨਾਲ ਜਾਣ-ਪਛਾਣ ਕਰਾਉਣ ਲਈ ਵਿਦਿਆਰਥੀਆਂ ਦਾ ਉਤਸਾਹ ਵਧਾਉਣਾ।<br>-ਵਿਦਿਆਰਥੀਆਂ ਦੇ ਪੂਰਵ ਗਿਆਨ ਨੂੰ ਪਰਖ ਕੇ ਉਹਨਾਂ ਨੂੰ ਰਲਦੀ-ਮਿਲਦੀ ਬਣਤਰ ਵਾਲੇ ਅੱਖਰ ਅਤੇ ਮਾਤਰਾ ਸਿਖਾਉਣਾ। | -ਵਿਦਿਆਰਥੀ ਮਿਲਦੀ-ਜੁਲਦੀ ਬਣਤਰ ਵਾਲੇ ਅੱਖਰ ਪਛਾਣ ਕੇ,ਲਿਖਣ ਅਭਿਆਸ ਕਰਕੇ ਖੁਦ ਪੜ੍ਹਦੇ ਅਤੇ ਲਿਖਦੇ ਹਨ।<br>-ਮੁਕਤਾ ਸ਼ਬਦ।<br>-ਕੰਨਾ ਮਾਤਰਾ ਵਾਲੇ ਸ਼ਬਦਾਂ ਦਾ ਅਭਿਆਸ ਕਰਦੇ ਹਨ। | -ਵਿਦਿਆਰਥੀਆਂ ਨੂੰ ਬਲੈਕ-ਬੋਰਡ ਉੱਤੇ ਅੱਖਰ ਬਣਤਰ ਸਮਝਾਉਣਾ।<br>-ਮੁਕਤਾ ਅਤੇ ਕੰਨਾ ਵਾਲੇ ਸ਼ਬਦਾਂ ਦਾ ਲਿਖਤੀ ਅਭਿਆਸ।<br>-ਅੱਖਰਾਂ ਦੇ ਦੇਵਨਾਗਰੀ ਅਤੇ ਗੁਰਮੁਖੀ ਵਿਚਲੇ ਅੰਤਰ ਤੋਂ ਜਾਣੂ ਕਰਵਾਉਣਾ। |
| **ਪਾਠ-2**<br>**ਸਿਹਾਰੀ,ਬਿਹਾਰੀ, ਅੱਧਕ ਤੇ ਅੱਖਰ ਬਣਤਰ** | ਪਿਛਲੇ ਪਾਠ ਵਿੱਚ ਪੜ੍ਹੇ ਅੱਖਰ,ਮਾਤਰਾ ਅਤੇ ਨਵੇਂ ਅੱਖਰ- ਪ,ਧ,ਥ,ਬ,ਖ, ਖ਼,ਘ | ਖਾਲੀ ਥਾਵਾਂ, ਹਿੰਦੀ ਸ਼ਬਦ, ਵਾਕ ਤਰਤੀਬ, ਮਾਤਰਾ, ਸਿਹਾਰੀ ਅਤੇ ਬਿਹਾਰੀ ਦਾ | -ਵਿਦਿਆਰਥੀਆਂ ਦੀ ਰੁਚੀ ਬਣਾਈ ਰੱਖਣ ਲਈ ਪਹਿਲਾਂ ਪਿਛਲੇ ਪਾਠ ਦੀ ਦੁਹਰਾਈ ਕਰਾਉਣਾ।<br>-ਵਿਦਿਆਰਥੀਆਂ ਦਾ ਮੌਖਿਕ ਅਤੇ ਲਿਖਤੀ ਅਭਿਆਸ ਕਰਾਉਣਾ। | -ਨਵੇਂ ਅੱਖਰਾਂ ਦੀ ਪਛਾਣ ਕਰਕੇ ਖੁਦ ਲਿਖਦੇ ਅਤੇ ਪੜ੍ਹਦੇ ਹਨ।<br>-ਸਿਹਾਰੀ,ਬਿਹਾਰੀ ਅਤੇ ਅੱਧਕ ਵਾਲੇ ਨਵੇਂ ਸ਼ਬਦ | -ਮੁਕਤਾ,ਸਿਹਾਰੀ,ਬਿਹਾਰੀ ਤੇ ਅੱਧਕ ਵਾਲੇ ਸ਼ਬਦਾਂ ਦਾ ਅਭਿਆਸ ਅਤੇ ਦੁਹਰਾਈ।<br>-ਛੋਟੇ-ਛੋਟੇ ਵਾਕ ਬਣਾਉਣ ਦਾ ਅਭਿਆਸ। |

| | | | | | |
|---|---|---|---|---|---|
| | ਸਿਹਾਰੀ,ਬਿਹਾਰੀ ਅਤੇ ਅੱਧਕ | ਅੰਤਰ ਸਪਸ਼ਟ ਕਰਨਾ ਸ਼ਬਦਾਂ ਅਤੇ ਤਸਵੀਰਾਂ ਦਾ ਮਿਲਾਨ। | -ਵਿਦਿਆਰਥੀਆਂ ਨੂੰ ਰਲਦੀ-ਮਿਲਦੀ ਬਣਤਰ ਵਾਲੇ ਨਵੇਂ ਅੱਖਰ,ਸ਼ਬਦ ਅਤੇ ਮਾਤਰਾ ਸਿਖਾਉਣਾ। | ਬਣਾਉਣ ਦਾ ਅਭਿਆਸ ਕਰਦੇ ਹਨ। | -ਮੌਖਿਕ ਅਤੇ ਲਿਖਤੀ ਦੁਹਰਾਈ। |
| **ਪਾਠ-3**<br>**ਔਕੜ,ਦੁਲੈਂਕੜ ਤੇ ਅੱਖਰ ਬਣਤਰ** | ਪਿਛਲੇ ਪਾਠਾਂ ਵਿੱਚ ਪੜ੍ਹੇ ਅੱਖਰ,ਮਾਤਰਾ ਅਤੇ ਨਵੇਂ ਅੱਖਰ-ਤ,ਡ,ਭ,ੜ,ਝ,ੳ,ਕ,ਦ, ਢ,ਚ,ਜ,ਜ਼, ਔਕੜ, ਦੁਲੈਂਕੜ ਅਤੇ ਬਿੰਦੀ | ਔਕੜ ਅਤੇ ਦੁਲੈਂਕੜ ਦਾ ਅੰਤਰ ਸਮਝਣਾ, ਵਾਕ ਤਰਤੀਬ ਸਹੀ ਕਰਨਾ,ਮਿਲਾਨ ਕਰੋ,<br>ਸ਼ਬਦ ਸਮੂਹ ਦੀ ਪਛਾਣ ਕਰਨਾ। | -ਵਿਦਿਆਰਥੀਆਂ ਨੂੰ ਨਵੇਂ ਅੱਖਰ, ਮਾਤਰਾ ਦੇ ਨਾਲ-ਨਾਲ ਸ਼ਬਦ ਅਤੇ ਵਾਕ ਬਣਾਉਣ ਦਾ ਅਭਿਆਸ ਕਰਾਉਣਾ।<br>-ਵਿਦਿਆਰਥੀਆਂ ਨੂੰ ਵੱਖ-ਵੱਖ ਅੱਖਰਾਂ ਅਤੇ ਮਾਤਰਾਵਾਂ ਦਾ ਸ਼ੁੱਧ ਉਚਾਰਣ ਸਿਖਾਉਣਾ। | -ਨਵੇਂ ਅੱਖਰਾਂ ਦੀ ਪਛਾਣ ਕਰਕੇ ਖੁਦ ਲਿਖਦੇ ਅਤੇ ਪੜ੍ਹਦੇ ਹਨ।<br>-ਮੁਕਤਾ,ਔਕੜ,ਦੁਲੈਂਕੜ ਅਤੇ ਬਿੰਦੀ ਵਾਲੇ ਸ਼ਬਦਾਂ ਦਾ ਅਭਿਆਸ ਕਰਦੇ ਹਨ।<br>-ਛੋਟੇ-ਛੋਟੇ ਵਾਕ ਲਿਖਣ ਅਤੇ ਪੜ੍ਹਨ ਦਾ ਅਭਿਆਸ ਕਰਦੇ ਹਨ। | -ਅੱਖਰ ਅਤੇ ਸ਼ਬਦ ਬਣਤਰ ਦਾ ਅਭਿਆਸ।<br>-ਛੋਟੇ -ਛੋਟੇ ਵਾਕ ਬਣਾਉਣ ਦਾ ਅਭਿਆਸ ਅਤੇ ਦੁਹਰਾਈ।<br>-ਵਿਦਿਆਰਥੀਆਂ ਦੀਆਂ ਸਮੂਹਿਕ ਅਸ਼ੁੱਧੀਆਂ ਨੂੰ ਬਲੈਕ-ਬੋਰਡ ਉੱਤੇ ਲਿਖ ਕੇ ਸਮਝਾਉਣਾ।<br>-ਸਹੀ ਸ਼ਬਦ ਉਚਾਰਨ ਦਾ ਵਾਰ-ਵਾਰ ਅਭਿਆਸ ਕਰਵਾਉਣਾ। |
| **ਪਾਠ-4**<br>**ਲਾਵਾਂ,ਦੁਲਾਵਾਂ ਤੇ ਅੱਖਰ ਬਣਤਰ** | ਪਿਛਲੇ ਪਾਠਾਂ ਵਿੱਚ ਪੜ੍ਹੇ ਅੱਖਰ,ਮਾਤਰਾ ਅਤੇ ਨਵੇਂ ਅੱਖਰ- | ਲਾਂ,ਦੁਲਾਂ ਦਾ ਫ਼ਰਕ, ਵਾਕ ਪੂਰੇ ਕਰੋ, ਸ਼ਬਦ ਸ਼ੁੱਧੀ, | -ਵਿਦਿਆਰਥੀਆਂ ਨੂੰ ਨਵੇਂ ਅੱਖਰ, ਮਾਤਰਾ ਦੇ ਨਾਲ-ਨਾਲ ਸ਼ਬਦ ਅਤੇ ਵਾਕ ਬਣਾਉਣ ਦਾ ਅਭਿਆਸ ਕਰਾਉਣਾ। | -ਔਕੜ,ਦੁਲੈਂਕੜ,ਲਾਂ,ਦੁਲਾਂ, ਅੱਧਕ ਅਤੇ ਬਿੰਦੀ ਦਾ ਅੰਤਰ ਸਮਝਦੇ ਹੋਏ ਸ਼ਬਦਾਂ ਦਾ ਅਭਿਆਸ ਕਰਦੇ ਹਨ। | -ਲਗਾਂ ਅਤੇ ਲਗਾਖਰਾਂ ਦੇ ਸ਼ੁੱਧ ਉਚਾਰਣ ਅਤੇ ਸ਼ੁੱਧ ਲੇਖਨ ਉੱਤੇ ਜ਼ੋਰ ਦਿੰਦੇ ਹੋਏ ਵੱਧ ਤੋਂ ਵੱਧ ਮੌਖਿਕ ਅਤੇ |

| | | | | | |
|---|---|---|---|---|---|
| | ਟ,ੲ,ਨ,ਠ,ਲ,ਲ਼,ਫ,ਫ਼,ਵ,ਢ<br>ਲਾਂ,ਦੁਲਾਂ | ਅੱਧਕ ਅਤੇ ਬਿੰਦੀ ਦਾ ਫ਼ਰਕ ਸਮਝੋ। | -ਵਿਦਿਆਰਥੀਆਂ ਨੂੰ ਵਾਕ ਦੀ ਸਹੀ ਤਰਤੀਬ ਸਮਝਾਉਣਾ।<br>-ਸ਼ੁੱਧ ਉਚਾਰਣ,ਆਦਰਸ਼ ਪਾਠ ਅਤੇ ਲਿਖਤੀ ਅਭਿਆਸ ਉੱਤੇ ਜ਼ੋਰ ਦੇਣਾ। | -ਉਪਰੋਕਤ ਲਗਾਂ ਅਤੇ ਲਗਾਖਰਾਂ ਵਾਲੇ ਸ਼ਬਦਾਂ ਦਾ ਇਸਤੇਮਾਲ ਕਰਦੇ ਹੋਏ ਛੋਟੇ-ਛੋਟੇ ਵਾਕ ਲਿਖਣ ਦਾ ਅਭਿਆਸ ਕਰਦੇ ਹਨ। | ਲਿਖਤੀ ਅਭਿਆਸ ਕਰਾਉਣਾ।<br>-ਸਾਂਝੀਆਂ ਗਲਤੀਆਂ ਨੂੰ ਬਲੈਕ-ਬੋਰਡ ਉੱਤੇ ਲਿਖ ਕੇ ਨਿਸ਼ਾਨ ਦੇਹੀ ਕਰਦੇ ਹੋਏ ਸਮਝਾਉਣਾ। |
| **ਪਾਠ-5<br>ਹੋੜਾ,ਕਨੌੜਾ,ਪੂਰੀ ਗੁਰਮੁਖੀ ਲਿਪੀ, ਲਗਾਂ, ਲਗਾਖਰ** | ਪਿਛਲੇ ਪਾਠਾਂ ਵਿੱਚ ਪੜ੍ਹੇ ਅੱਖਰ,ਮਾਤਰਾ ਅਤੇ ਨਵੇਂ ਅੱਖਰ-<br>ਙ,ਛ,ਣ,ਯ<br>ਹੋੜਾ,ਕਨੌੜਾ,ਟਿੱਪੀ<br>ਪੈਰੀਂ ਰਾਰਾ,ਪੈਰੀਂ ਹਾਹਾ,ਪੈਰੀਂ ਵਾਵਾ | ਸ਼ੁੱਧ ਸ਼ਬਦਾਂ ਦੀ ਪਛਾਣ ਕਰਨਾ,<br>ਵਾਕ ਪੂਰੇ ਕਰੋ,<br>ਮਿਲਾਨ ਕਰੋ। | -ਵਿਦਿਆਰਥੀਆਂ ਨੂੰ ਪੂਰੀ ਵਰਨਮਾਲਾ ਅਤੇ ਲਗਾਂ-ਲਗਾਖਰਾਂ ਦੀ ਜਾਣਕਾਰੀ ਦੇਣਾ।<br>-ਨਵੇਂ ਸ਼ਬਦ ਬਣਾਉਣ ਦਾ ਅਭਿਆਸ ਕਰਾਉਣਾ।<br>-ਵਿਦਿਆਰਥੀਆਂ ਦੁਆਰਾ ਵਾਕ ਬਣਾਉਣ ਸਮੇਂ ਕੀਤੀਆਂ ਗਲਤੀਆਂ ਦੀ ਸੋਧ ਕਰਨਾ। | -ਪੂਰੀ ਵਰਨਮਾਲਾ ਲਿਖਦੇ ਅਤੇ ਪੜ੍ਹਦੇ ਹਨ।<br>-ਲਗਾਂ ਤੇ ਲਗਾਖਰਾਂ ਵਾਲੇ ਸ਼ਬਦਾਂ ਦਾ ਅਭਿਆਸ ਕਰਦੇ ਹਨ।<br>-ਛੋਟੇ-ਛੋਟੇ ਵਾਕ ਬਣਾ ਕੇ ਪੜ੍ਹਦੇ ਹਨ।<br>-ਪਾਠ ਵਾਚਨ ਕਰਦੇ ਹਨ। | -ਵਰਨਮਾਲਾ ਚਾਰਟ ਦੀ ਸਹਾਇਤਾ ਨਾਲ ਵਿਦਿਆਰਥੀਆਂ ਨੂੰ ਸ਼ੁੱਧ ਉਚਾਰਣ ਅਤੇ ਅੱਖਰ ਬਣਤਰ ਦਾ ਅਭਿਆਸ ਕਰਾਉਣਾ।<br>-ਪਾਠ-ਪੁਸਤਕ ਦੀ ਸਹਾਇਤਾ ਨਾਲ ਉੱਚੀ ਪਾਠ ਕਰਾਉਣਾ। |
| **ਪਾਠ-6<br>ਗੁਰਮੁਖੀ ਅੱਖਰ,ਲਗਾਂ,ਲਗਾਖਰ ਤਰਤੀਬਵਾਰ** | ਅੱਖਰ ਬਣਤਰ, ਲਗਾਂ, ਲਗਾਖਰ ਅਤੇ ਪੂਰੀ ਵਰਨਮਾਲਾ ਤਰਤੀਬਵਾਰ। | ਫਲਾਂ,ਰੰਗਾਂ ਅਤੇ ਸਬਜ਼ੀਆਂ ਦੇ ਨਾਂ।<br>ਅੰਕਾਂ ਨੂੰ ਸ਼ਬਦਾਂ ਵਿੱਚ ਲਿਖਣਾ। | -ਵਿਦਿਆਰਥੀਆਂ ਦੁਆਰਾ ਸਿੱਖੀ ਗਈ ਵਰਨਮਾਲਾ ਅਤੇ ਮਾਤਰਾ ਗਿਆਨ ਨੂੰ ਪੱਕਾ ਕਰਨਾ।<br>-ਛੋਟੇ-ਛੋਟੇ ਵਾਕ ਲਿਖ ਕੇ ਅਸ਼ੁੱਧੀਆਂ ਨੂੰ ਦੂਰ ਕਰਨਾ। | -ਪੂਰੀ ਵਰਨਮਾਲਾ ਤਰਤੀਬਵਾਰ ਪੜ੍ਹਦੇ ਅਤੇ ਲਿਖਦੇ ਹਨ।<br>-ਲਗਾਂ ਅਤੇ ਲਗਾਖਰਾਂ ਵਾਲੇ ਸ਼ਬਦ ਪੜ੍ਹਦੇ,ਲਿਖਦੇ ਅਤੇ | -ਫਲਾਂ,ਰੰਗਾਂ ਅਤੇ ਸਬਜ਼ੀਆਂ ਦਾ ਚਾਰਟ ਦਿਖਾ ਕੇ ਪਛਾਣ ਕਰਾਉਣਾ।<br>-ਲਗਾਂ ਅਤੇ ਲਗਾਖਰਾਂ ਦੇ ਚਿੰਨ ਦਾ ਬੋਧ ਕਰਾਉਣਾ। |

| | | | | | |
|---|---|---|---|---|---|
| | | ਢੁੱਕਵੇਂ ਸ਼ਬਦ ਚੁਣਨਾ। | -ਪੈਰਾ ਪੜ੍ਹ ਕੇ ਅੱਖਰ ਅਤੇ ਮਾਤਰਾ ਦੀ ਪਛਾਣ ਕਰਨਾ। | ਉਹਨਾਂ ਵਿਚਲਾ ਅੰਤਰ ਸਮਝਦੇ ਹਨ।<br>-ਉਚਾਰਣ ਅਸ਼ੁੱਧੀਆਂ ਨੂੰ ਪਛਾਣ ਕੇ ਸੋਧ ਕਰਦੇ ਹਨ।<br>-ਲਿਖਤੀ ਅਸ਼ੁੱਧੀਆਂ ਦੀ ਸੋਧ ਅਤੇ ਦੁਹਰਾਈ ਕਾਰਜ ਕਰਦੇ ਹਨ। | -ਤਰਤੀਬਵਾਰ ਵਰਨਮਾਲਾ ਤੇ ਲਗਾਂ ਅਤੇ ਲਗਾਖਰਾਂ ਦਾ ਅਭਿਆਸ ਅਤੇ ਦੁਹਰਾਈ ਕਾਰਜ ਕਰਾਉਣਾ।<br>-ਉੱਚੀ-ਉੱਚੀ ਪਾਠ ਦਾ ਵਾਚਨ ਕਰਨਾ। |
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਆਪਣੇ ਬਾਰੇ ਪੰਜ ਸਤਰਾਂ। | -ਕਿਸੇ ਦਿੱਤੇ ਗਏ ਵਿਸ਼ੇ ਬਾਰੇ ਸਮਝ ਕੇ ਛੋਟੇ-ਛੋਟੇ ਵਾਕ ਬਣਾ ਸਕਣਾ। | -ਵਿਦਿਆਰਥੀ ਛੋਟੇ-ਛੋਟੇ ਵਾਕ ਬਣਾਉਣ ਦਾ ਅਭਿਆਸ ਕਰਦੇ ਹਨ।<br>-ਕਿਸੇ ਵਿਸ਼ੇ ਬਾਰੇ ਆਪਣੇ ਵਿਚਾਰ/ਭਾਵ ਪੇਸ਼ ਕਰਨਾ ਸਿੱਖਦੇ ਹਨ। | -ਵਿਦਿਆਰਥੀਆਂ ਤੋਂ ਉਹਨਾਂ ਬਾਰੇ ਜਿਵੇਂ ਨਾਂ, ਉਮਰ, ਘਰ-ਪਰਿਵਾਰ, ਪਸੰਦ /ਨਾਪਸੰਦ ਆਦਿ ਪੁੱਛਿਆ ਜਾ ਸਕਦਾ ਹੈ ਤੇ ਉਹਨਾਂ ਦੀ ਕਿਸੇ ਵਿਸ਼ੇ ਨੂੰ ਲਿਖਤੀ ਰੂਪ ਦੇਣ ਦੀ ਸਮਝ ਬਣਾ ਕੇ ਅਭਿਆਸ ਕਰਾਇਆ ਜਾ ਸਕਦਾ ਹੈ। ਇਹ ਸਭ ਬੋਰਡ/ਕਾਪੀ ਉੱਪਰ ਲਿਖਵਾਇਆ ਜਾ ਸਕਦਾ ਹੈ। |

| |
|---|
| **ਨੋਟ:** ਛੇਵੀਂ ਜਮਾਤ ਦੇ ਪਹਿਲੇ ਛੇ ਪਾਠ ਗੁਰਮੁਖੀ ਲਿਪੀ ਨਾਲ ਸੰਬੰਧਤ ਹਨ। ਇਹਨਾਂ ਪਾਠਾਂ ਵਿੱਚ ਗੁਰਮੁਖੀ/ਪੈਂਤੀ ਪੜ੍ਹਾਉਣ ਦੀ ਰਵਾਇਤੀ ਵਿਧੀ ਦੀ ਥਾਂ ਲਿਪੀ ਸਿੱਖਣ ਦੇ ਨਵੇਂ ਤਰੀਕੇ (ਨਿਗਮਨ ਵਿਧੀ ਉੱਪਰ ਆਧਾਰਿਤ) ਨੂੰ ਤਰਜੀਹ ਦਿੱਤੀ ਗਈ ਹੈ, ਜਿਸ ਵਿੱਚ ਵਿਦਿਆਰਥੀ ਇੱਕੋ ਜਿਹੀ ਬਣਤਰ ਵਾਲੇ ਅੱਖਰਾਂ ਉੱਪਰ ਇੱਕੋ ਸਮੇਂ ਗੌਰ ਕਰਦੇ ਹਨ ਅਤੇ ਇੱਕੋ ਜਿਹੀ ਬਣਤਰ ਵਾਲੇ ਅੱਖਰਾਂ ਨਾਲ ਬਣੇ ਸ਼ਬਦਾਂ ਨੂੰ ਪਹਿਲਾਂ ਪੜ੍ਹਦੇ ਹਨ ਅਤੇ ਉਹਨਾਂ ਦੀ ਬਣਤਰ ਵਿਚਲੇ ਫ਼ਰਕ ਨੂੰ ਸਮਝਦੇ ਹਨ। |

- **ਉਪਰੋਕਤ ਪਾਠਕ੍ਰਮ 6 ਸਤੰਬਰ 2025 ਤੱਕ ਪੂਰਾ ਕਰ ਲਿਆ ਜਾਵੇ।**
- **ਪਹਿਲੀ ਟਰਮ ਲਈ ਦੁਹਰਾਈ ਕਾਰਜ ਕਰ ਲਿਆ ਜਾਵੇ।**

| **ਮਾਣਕ-ਮਾਲਾ ਭਾਗ-1 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ-ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | **ਸਿੱਖਣ ਉਦੇਸ਼ (ਸੁਝਾਤਮਕ)** | **ਸਿੱਖਣ ਨਤੀਜੇ (ਸੁਝਾਤਮਕ)** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-7**<br>**ਭਾਈ ਘਨੱਈਆ**<br>**(ਜੀਵਨੀ)** | ਮਨੁੱਖਤਾ ਅਤੇ ਸਰਬ-ਸਾਂਝੀਵਾਲਤਾ ਦੀ ਭਾਵਨਾ ਵਿਕਸਿਤ ਕਰਨੀ। | ਸਹੀ ਸ਼ਬਦ ਚੋਣ ਕਰਨਾ।<br>ਵਾਕਾਂ ਨੂੰ ਤਰਤੀਬਵਾਰ ਲਿਖਣਾ। | ਵਿਦਿਆਰਥੀ<br>-ਜੀਵਨੀ ਵਿਧਾ ਤੋਂ ਜਾਣੂ ਹੋਣਗੇ।<br>-ਜੀਵਨੀ ਵਿੱਚ ਆਏ ਵਿਚਾਰਾਂ ਤੋਂ ਪ੍ਰੇਰਨਾ ਲੈਣਗੇ।<br>-ਮਨੁੱਖਤਾ ਦੀ ਭਾਵਨਾ ਨੂੰ ਆਪਣੇ ਜੀਵਨ ਵਿੱਚ ਅਪਣਾਉਣਗੇ। | ਵਿਦਿਆਰਥੀ<br>-ਸ਼ੁੱਧ ਅਤੇ ਸਹੀ ਪੰਜਾਬੀ ਪੜ੍ਹਦੇ ਅਤੇ ਲਿਖਦੇ ਹਨ।<br>-ਪੁੱਛੇ ਗਏ ਪ੍ਰਸ਼ਨਾਂ ਦਾ ਸਹੀ ਉੱਤਰ ਲਿਖਦੇ ਹਨ। | -ਪਾਠ ਦਾ ਵਾਚਨ ਕਰਾਉਣਾ ਅਤੇ ਅਭਿਆਸ ਨੂੰ ਬਲੈਕ-ਬੋਰਡ ਉੱਤੇ ਲਿਖ ਕੇ ਸਮਝਾਉਂਦੇ ਹੋਏ ਪ੍ਰਸ਼ਨਾਂ ਦੇ ਉੱਤਰ ਲਿਖਣ ਦਾ ਸਹੀ ਢੰਗ ਸਿਖਾਉਣਾ।<br>-ਜੀਵਨੀ ਦੇ ਵਿਸ਼ੇ ਵਸਤੂ ਉੱਤੇ ਚਰਚਾ ਕਰਦੇ ਹੋਏ ਮਾਨਵੀ ਮੁੱਲਾਂ ਬਾਰੇ ਦੱਸਣਾ। ਸਾਂਝੀਵਾਲਤਾ/ਭਾਈਚਾਰੇ |

| | | | | | |
|---|---|---|---|---|---|
| | | | | | ਬਾਰੇ ਆਪਣੇ ਵਿਚਾਰਾਂ ਦੀ ਜਮਾਤ ਸਾਹਮਣੇ ਪੇਸ਼ਕਾਰੀ। |
| **ਪਾਠ-8**<br>**ਵੀਰ ਦਾ ਵਿਆਹ**<br>**(ਕਵਿਤਾ)** | ਸੱਭਿਆਚਾਰ ਅਤੇ ਰਸਮਾਂ-ਰਿਵਾਜ਼ਾਂ ਨਾਲ ਜਾਣ-ਪਛਾਣ। | ਵਚਨ ਬਦਲੋ, ਸ਼ਬਦਾਂ ਦਾ ਅਰਥਾਂ ਨਾਲ ਮੇਲ, ਇੱਕ ਲੈਅ ਵਾਲੇ ਸ਼ਬਦ, ਮਾਤਰਾ ਅਭਿਆਸ। | -ਕਵਿਤਾ ਵਿੱਚ ਰੁਚੀ ਰੱਖਣਗੇ।<br>-ਕਵੀ ਦੇ ਭਾਵ, ਕਲਪਨਾ, ਵਿਚਾਰਾਂ ਨੂੰ ਸਮਝ ਸਕਣਗੇ।<br>-ਕਵਿਤਾ ਦਾ ਕੇਂਦਰੀ ਭਾਵ ਸਮਝ ਸਕਣਗੇ। | -ਸੁਰ,ਤਾਲ ਅਤੇ ਲੈਅ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ ਅਤੇ ਕਵਿਤਾ ਦਾ ਆਨੰਦ ਮਾਣਦੇ ਹਨ।<br>-ਕਵਿਤਾ ਨੂੰ ਯਾਦ ਕਰਦੇ ਹਨ।<br>-ਪਾਠ ਅਭਿਆਸ ਲਿਖਦੇ ਹਨ। | -ਕਵਿਤਾ ਵਿਧਾ ਨਾਲ ਜਾਣ-ਪਛਾਣ ਕਰਾਉਣੀ।<br>-ਕਵਿਤਾ ਵਿੱਚ ਵਿਆਹ ਸੰਬੰਧੀ ਆਈਆਂ ਰਸਮਾਂ ਬਾਰੇ ਸੰਖੇਪ ਜਾਣਕਾਰੀ ਦੇਣੀ ਅਤੇ ਔਖੇ ਸ਼ਬਦਾਂ ਦੇ ਅਰਥਾਂ ਦਾ ਅਭਿਆਸ ਕਰਾਉਣਾ।<br>- ਘਰ ਵਿੱਚ ਹੋਏ ਕਿਸੇ ਵਿਆਹ ਦਾ ਅੱਖੀਂ-ਡਿੱਠਾ ਹਾਲ ਸੁਣਾਉਣ ਨੂੰ ਕਿਹਾ ਜਾ ਸਕਦਾ ਹੈ। |
| **ਪਾਠ-9**<br>**ਬਹਾਦਰ ਬੱਚੇ**<br>**(ਲੇਖ)**<br>**ਸਿਰਫ਼ ਪੜ੍ਹਨ ਲਈ** | 26 ਜਨਵਰੀ ਦੇ ਸਮਾਰੋਹ ਵਿੱਚ ਹਰ ਸਾਲ ਬਹਾਦਰੀ ਦੇ ਕਾਰਨਾਮੇ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਵਿਦਿਆਰਥੀਆਂ ਨੂੰ | ਅਣਡਿੱਠਾ ਪੈਰਾ। | - ਲੇਖ ਵਿਧਾ ਤੋਂ ਜਾਣੂ ਹੋਣਗੇ।<br>-ਪਾਠ ਵਿੱਚ ਆਏ ਵੇਰਵਿਆਂ ਤੋਂ ਪ੍ਰੇਰਣਾ ਲੈ ਸਕਣਗੇ। | -ਔਖੇ ਸ਼ਬਦਾਂ ਦੇ ਅਰਥ ਯਾਦ ਕਰਦੇ ਹਨ।<br>-ਬੱਚਿਆਂ ਦੁਆਰਾ ਕੀਤੇ ਬਹਾਦਰੀ ਦੇ ਕਾਰਨਾਮਿਆਂ ਦੀ ਸਰਾਹਣਾ ਕਰਦੇ ਹਨ ਤੇ ਪ੍ਰੇਰਣਾ ਲੈਂਦੇ ਹਨ। | -ਪਾਠ ਵਿੱਚ ਜ਼ਿਕਰ ਆਏ ਕਿਸੇ ਇੱਕ ਬੱਚੇ ਦੇ ਕਾਰਨਾਮੇ ਨੂੰ ਵਿਦਿਆਰਥੀਆਂ ਤੋਂ ਵਿਸਥਾਰ ਸਹਿਤ ਜਮਾਤ ਵਿੱਚ ਸੁਣਨਾ। |

| | | | | | |
|---|---|---|---|---|---|
| | ਅਜਿਹੇ ਬੱਚਿਆਂ ਦੀ ਬਹਾਦਰੀ ਬਾਰੇ ਜਾਣਕਾਰੀ ਦੇ ਕੇ ਉਤਸਾਹਿਤ ਕਰਨਾ। | | -ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਸਿੱਖਣਗੇ। | -ਅਣਡਿੱਠੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਹਲ ਕਰਦੇ ਹਨ। | -ਅਣਡਿੱਠਾ ਪੈਰਾ ਦੇ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਦਾ ਢੰਗ ਸਮਝਾਉਂਦੇ ਹੋਏ ਅਭਿਆਸ ਕਰਾਉਣਾ।<br>-ਜਮਾਤ ਦੇ ਵਿਦਿਆਰਥੀਆਂ ਨੂੰ ਹੱਲਾਸ਼ੇਰੀ ਦਿੱਤੀ ਜਾਏਗੀ, ਜੋ ਖੁਦ ਦੁਆਰਾ ਕੀਤੇ ਗਏ ਬਹਾਦਰੀ ਦੇ ਕੰਮ ਬਾਰੇ ਜਮਾਤ ਨੂੰ ਜਾਣੂ ਕਰਵਾਏ। |
| **ਪਾਠ-10**<br>**ਕੁਦਰਤ ਦੀ ਖੇਡ**<br>**(ਕਵਿਤਾ)** | ਇਸ ਕਵਿਤਾ ਵਿੱਚ ਕੁਦਰਤ ਦੀ ਵੰਨ-ਸੁਵੰਨਤਾ ਬਾਰੇ ਜਾਣਕਾਰੀ ਦਿੱਤੀ ਗਈ ਹੈ। | ਵਾਕ ਬਣਾਓ, ਦੇਵਨਾਗਰੀ ਵਿੱਚ ਲਿਖੋ, ਸਮਾਨ ਅਰਥਾਂ ਵਾਲੇ ਸ਼ਬਦ। | -ਕਵਿਤਾ ਵਿੱਚ ਰੁਚੀ ਰੱਖਣਗੇ।<br>-ਕਵੀ ਦੇ ਭਾਵ, ਕਲਪਨਾ, ਵਿਚਾਰਾਂ ਨੂੰ ਸਮਝ ਸਕਣਗੇ।<br>-ਕਵਿਤਾ ਦਾ ਕੇਂਦਰੀ ਭਾਵ ਸਮਝ ਸਕਣਗੇ। | -ਸੁਰ,ਤਾਲ ਅਤੇ ਲੈਅ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ।<br>-ਕਵਿਤਾ ਦਾ ਕੇਂਦਰੀ ਭਾਵ ਦੱਸਦੇ ਹਨ।<br>-ਮਿਲਦੇ-ਜੁਲਦੇ ਉਚਾਰਣ ਵਾਲੇ ਅੱਖਰ ਲਿਖਦੇ ਹਨ।<br>-ਕਵਿਤਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ। | -ਉਚਾਰਣ ਅਸ਼ੁੱਧੀਆਂ ਨੂੰ ਸੋਧਣ ਦਾ ਵਿਸ਼ੇਸ਼ ਯਤਨ ਕਰਦੇ ਹੋਏ ਵਿਦਿਆਰਥੀਆਂ ਵੱਲੋਂ ਇੱਕ-ਇੱਕ ਕਰਕੇ ਕਵਿਤਾ ਪਾਠ ਕਰਵਾਉਣਾ।<br>-ਕਵਿਤਾ ਵਿੱਚ ਆਏ ਵਿਚਾਰਾਂ ਬਾਰੇ ਚਰਚਾ ਕਰਨੀ। |

| | | | | | |
|---|---|---|---|---|---|
| | | | | | **-**ਸਮਾਨ ਅਰਥ ਰੱਖਦੇ ਸ਼ਬਦਾਂ ਦਾ ਅਭਿਆਸ ਕਰਾਉਣਾ।<br>-ਕਵਿਤਾ ਰਚਨਾ |
| **ਪਾਠ-11**<br>**ਬੱਚਿਆਂ ਦੀ ਜੁਗਤ (ਕਹਾਣੀ)** | ਬੱਚਿਆਂ ਦੁਆਰਾ ਪਹੀਆ ਕੁਰਸੀ ਵਾਲੇ ਬੱਚੇ ਨੂੰ ਪਾਰਕ ਵਿੱਚ ਖੇਡਣ ਲਈ ਲਿਆਉਣਾ ਤੇ ਉਸਨੂੰ ਸਮਾਨਤਾ ਦਾ ਅਹਿਸਾਸ ਦਿਲਾਉਣਾ। | ਵਾਕ ਤਰਤੀਬ, ਵਚਨ, ਨਾਂਵ ਦੀ ਪਰਿਭਾਸ਼ਾ ਅਤੇ ਨਾਂਵ ਸ਼ਬਦ। | **-**ਕਹਾਣੀ ਵਿਧਾ ਤੋਂ ਜਾਣੂ ਹੋਣਗੇ।<br>-ਵਿਦਿਆਰਥੀਆਂ ਦੇ ਗਿਆਨ, ਕਲਪਨਾ ਸ਼ਕਤੀ ਅਤੇ ਸਿਰਜਨਾਤਮਕਤਾ ਵਿੱਚ ਵਾਧਾ ਹੋਵੇਗਾ।<br>-ਕਹਾਣੀ ਤੋਂ ਪ੍ਰੇਰਣਾ ਲੈ ਸਕਣਗੇ।<br>-ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਸਿੱਖਣਗੇ। | **-**ਪਾਠ ਪੁਸਤਕ ਤੋਂ ਕਹਾਣੀ ਪੜ੍ਹਦੇ ਹਨ।<br>**-**ਪਾਠ ਅਭਿਆਸ ਲਿਖਦੇ ਹਨ।<br>**-**ਆਪਸੀ ਮੇਲ-ਜੋਲ ਦੇ ਮਹੱਤਵ ਬਾਰੇ ਚਰਚਾ ਕਰਦੇ ਹਨ। | -ਜਮਾਤ ਵਿੱਚ ਦਿਵਿਆਂਗ ਵਿਦਿਆਰਥੀਆਂ ਦੀ ਭਾਗੀਦਾਰੀ ਨਿਰਧਾਰਤ ਕਰਦੇ ਹੋਏ ਕੋਈ ਖੇਡ ਖਿਡਾਈ ਜਾ ਸਕਦੀ ਹੈ।<br>**-**ਆਲੇ-ਦੁਆਲੇ ਦੀਆਂ ਵਸਤਾਂ ਤੋਂ ਨਾਂਵ ਦੀ ਪਰਿਭਾਸ਼ਾ ਸਪਸ਼ਟ ਕਰਨੀ ਅਤੇ ਹੋਰ ਨਾਂਵ ਸ਼ਬਦ ਨੋਟ ਕਰਕੇ ਬਲੈਕ-ਬੋਰਡ ਉੱਤੇ ਲਿਖਣਾ।<br>-ਵਿਦਿਆਰਥੀਆਂ ਤੋਂ ਵਿਚਾਰ ਸਾਂਝੇ ਕਰਵਾਏ ਜਾਣ ਕਿ ਜੇਕਰ ਉਹਨਾਂ ਨੂੰ ਵੀ ਵੱਖ ਰੱਖਿਆ ਜਾਵੇ, ਤਾਂ |

| | | | | | |
|---|---|---|---|---|---|
| | | | | | ਉਹਨਾਂ ਨੂੰ ਕਿਹੋ-ਜਿਹਾ ਲੱਗੇਗਾ। |
| **ਪਾਠ-12**<br>**ਦਿੱਲੀ**<br>**(ਕਵਿਤਾ)** | ਇਸ ਕਵਿਤਾ ਵਿੱਚ ਪ੍ਰਾਚੀਨ ਸਮੇਂ ਦੀ ਦਿੱਲੀ ਅਤੇ ਆਧੁਨਿਕ ਦਿੱਲੀ ਬਾਰੇ ਚਰਚਾ ਹੈ। | ਵਾਕ ਬਣਾਓ, ਦੇਵਨਾਗਰੀ ਸ਼ਬਦ। | **-**ਕਵਿਤਾ ਵਿੱਚ ਰੁਚੀ ਰੱਖਣਗੇ।<br>-ਕਵੀ ਦੇ ਭਾਵ, ਕਲਪਨਾ, ਵਿਚਾਰਾਂ ਨੂੰ ਸਮਝ ਸਕਣਗੇ।<br>-ਕਵਿਤਾ ਦਾ ਕੇਂਦਰੀ ਭਾਵ ਸਮਝ ਸਕਣਗੇ। | **-**ਸੁਰ,ਤਾਲ ਅਤੇ ਲੈਅ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ।<br>**-**ਕਵਿਤਾ ਦਾ ਕੇਂਦਰੀ ਭਾਵ ਦੱਸਦੇ ਹਨ।<br>**-**ਕਵਿਤਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ। | -ਦਿੱਲੀ ਵਿੱਚ ਘੁੰਮਣ ਯੋਗ ਸਥਾਨਾਂ ਦੀ ਤਸਵੀਰ ਸਹਿਤ ਸੂਚੀ ਤਿਆਰ ਕਰਵਾਉਣਾ।<br>-ਛੋਟੇ-ਛੋਟੇ ਵਾਕ ਬਣਾਉਣ ਦਾ ਅਭਿਆਸ ਕਰਵਾਉਣਾ।<br>-ਵਿਦਿਆਰਥੀਆਂ ਵੱਲੋਂ ਕੀਤੀ ਗਈ ਸੈਰ ਬਾਰੇ ਜਮਾਤ ਵਿੱਚ ਪੇਸ਼ਕਾਰੀ। |
| **ਪਾਠ-13**<br>**ਭੰਡਾ-ਭੰਡਾਰੀਆ**<br>**(ਲੇਖ)** | ਲੋਕ ਖੇਡ ਭੰਡਾ-ਭੰਡਾਰੀਆ ਖੇਡਦੇ ਹੋਏ ਬੱਚੇ ਮਿਲ-ਜੁਲ ਕੇ ਰਹਿਣਾ ਤੇ ਅਨੁਸ਼ਾਸਨ ਦੀ ਭਾਵਨਾ ਸਿੱਖਦੇ ਹਨ। | ਵਚਨ ਬਦਲੋ, ਖਾਸ ਨਾਂਵ। | **-**ਲੇਖ ਵਿਧਾ ਤੋਂ ਜਾਣੂ ਹੋਣਗੇ।<br>-ਲੋਕ ਖੇਡਾਂ ਦਾ ਮਹੱਤਵ ਸਮਝ ਸਕਣਗੇ।<br>-ਖੇਡਾਂ ਵਿੱਚ ਦਿਲਚਸਪੀ ਲੈਣਗੇ। | **-**ਔਖੇ ਸ਼ਬਦਾਂ ਦੇ ਅਰਥ ਯਾਦ ਕਰਦੇ ਹਨ।<br>-ਪਾਠ ਦਾ ਵਾਚਨ ਕਰਦੇ ਹਨ।<br>**-**ਲੋਕ ਖੇਡਾਂ ਦੀ ਜਾਣਕਾਰੀ ਪ੍ਰਾਪਤ ਕਰਦੇ ਹਨ। | -ਵਿਦਿਆਰਥੀਆਂ ਵੱਲੋਂ ਇਹ ਖੇਡ ਖੇਡੀ ਜਾ ਸਕਦੀ ਹੈ।<br>- ਵਿਦਿਆਰਥੀਆਂ ਵੱਲੋਂ ਉਹਨਾਂ ਦੀ ਮਨਪਸੰਦ ਖੇਡ ਬਾਰੇ ਚਰਚਾ ਕਰਵਾਈ ਜਾ ਸਕਦੀ ਹੈ ਅਤੇ ਉਸਦੇ ਨਿਯਮਾਂ ਬਾਰੇ ਜਾਣਕਾਰੀ ਲਈ ਜਾ ਸਕਦੀ ਹੈ। |

| | | | | | |
|---|---|---|---|---|---|
| **ਪਾਠ-14**<br>**ਮਹਾਤਮਾ ਬੁੱਧ**<br>**(ਜੀਵਨੀ)** | ਮਹਾਤਮਾ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਦਾ ਵਰਨਣ ਹੈ। | ਲਿੰਗ ਬਦਲੋ, ਵਿਰੋਧੀ ਸ਼ਬਦ। | -ਜੀਵਨੀ ਵਿਧਾ ਤੋਂ ਜਾਣੂ ਹੋਣਗੇ।<br>-ਜੀਵਨੀ ਵਿੱਚ ਆਏ ਵਿਚਾਰਾਂ ਤੋਂ ਪ੍ਰੇਰਨਾ ਲੈਣਗੇ। | -ਜੀਵਨੀ ਤੋਂ ਪ੍ਰੇਰਨਾ ਲੈਂਦੇ ਹਨ।<br>-ਪਾਠ ਵਿੱਚ ਆਏ ਜੀਵਨ ਕੌਸ਼ਲਾਂ ਬਾਰੇ ਚਰਚਾ ਕਰਦੇ ਹਨ। | -ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਬਾਰੇ ਵਿਸਥਾਰ ਸਹਿਤ ਚਰਚਾ ਕਰਵਾਈ ਜਾ ਸਕਦੀ ਹੈ। |
| **ਪਾਠ-15**<br>**ਪਤੇ ਦੀ ਗੱਲ**<br>**(ਕਵਿਤਾ)** | ਬੱਚਿਆਂ ਨੂੰ ਸਿੱਖਿਆਦਾਇਕ ਗੱਲਾਂ ਤੋਂ ਜਾਣੂ ਕਰਾਇਆ ਗਿਆ ਹੈ। | ਦੇਵਨਾਗਰੀ ਸ਼ਬਦ, ਵਚਨ, ਵਿਰੋਧੀ ਸ਼ਬਦ, ਪੜਨਾਂਵ ਦੀ ਪਰਿਭਾਸ਼ਾ ਅਤੇ ਪੜਨਾਂਵ ਸ਼ਬਦ। | -ਕਵਿਤਾ ਵਿੱਚ ਰੁਚੀ ਰੱਖਣਗੇ।<br>-ਕਵੀ ਦੇ ਭਾਵ, ਕਲਪਨਾ, ਵਿਚਾਰਾਂ ਨੂੰ ਸਮਝ ਸਕਣਗੇ।<br>-ਕਵਿਤਾ ਦਾ ਕੇਂਦਰੀ ਭਾਵ ਸਮਝ ਸਕਣਗੇ। | -ਸੁਰ,ਤਾਲ ਅਤੇ ਲੈਅ ਨਾਲ ਕਵਿਤਾ ਯਾਦ ਕਰਦੇ ਹਨ।<br>-ਕਵਿਤਾ ਦਾ ਕੇਂਦਰੀ ਭਾਵ ਦੱਸਦੇ ਹਨ।<br>-ਕਵਿਤਾ ਵਿੱਚ ਆਏ ਵਿਚਾਰਾਂ ਨੂੰ ਜੀਵਨ ਵਿੱਚ ਧਾਰਨ ਕਰਦੇ ਹਨ। | -ਵਿਦਿਆਰਥੀਆਂ ਨੂੰ ਉਹਨਾਂ ਦੇ ਰੋਲ ਮਾਡਲ ਬਾਰੇ ਪੁੱਛਿਆ ਜਾ ਸਕਦਾ ਹੈ ਅਤੇ ਉਸਨੂੰ ਰੋਲ ਮਾਡਲ ਬਣਾਉਣ ਦੇ ਕਾਰਨ ਵੀ ਜਾਣੇ ਜਾ ਸਕਦੇ ਹਨ।<br>-ਵਿਆਕਰਨਕ ਸ਼੍ਰੇਣੀਆਂ ਦੀ ਵਰਕਸ਼ੀਟ ਅਭਿਆਸ ਲਈ ਦਿੱਤੀ ਜਾ ਸਕਦੀ ਹੈ।<br>-ਵਿਦਿਆਰਥੀਆਂ ਵੱਲੋਂ ਮਾਪਿਆਂ ਦਾ ਸਹਿਯੋਗ ਕਿਵੇਂ ਕੀਤਾ ਜਾਂਦਾ ਹੈ?ਜਮਾਤ ਵਿੱਚ ਪੇਸ਼ਕਾਰੀ। |

| | | | | | |
|---|---|---|---|---|---|
| **ਪਾਠ-16**<br>**ਜਨਮ ਦਿਨ ਮੁਬਾਰਕ**<br>**(ਵਾਰਤਾਲਾਪ)**<br>**ਸਿਰਫ਼ ਪੜ੍ਹਨ ਲਈ** | ਬੱਚਿਆਂ ਦੇ ਜਨਮ ਦਿਨ ਮਨਾਉਣ ਦੇ ਨਾਲ-ਨਾਲ ਕੁਝ ਮਹੱਤਵਪੂਰਨ ਦਿਨਾਂ ਉੱਤੇ ਰੋਸ਼ਨੀ ਪਾਈ ਗਈ ਹੈ। | ਤਸਵੀਰ ਵਰਨਣ। | -ਵਾਰਤਾਲਾਪ ਦਾ ਮਹੱਤਵ ਸਮਝਣਗੇ।<br>-ਪਾਠ ਵਿੱਚ ਆਏ ਪ੍ਰਮੁੱਖ ਦਿਨਾਂ ਬਾਰੇ ਜਾਣਕਾਰੀ ਹਾਸਲ ਕਰਣਗੇ। | -ਆਪਸ ਵਿੱਚ ਸਿਹਤਮੰਦ ਵਿਚਾਰ ਚਰਚਾ ਕਰਨਾ ਸਿੱਖਦੇ ਹਨ।<br>-ਰਲ-ਮਿਲ ਕੇ ਸਾਥੀਆਂ ਨਾਲ ਖੁਸ਼ੀ ਸਾਂਝੀ ਕਰਨਾ ਸਿੱਖਦੇ ਹਨ। | -ਇਸ ਵਾਰਤਾਲਾਪ ਨੂੰ ਜਮਾਤ ਵਿੱਚ ਪਾਤਰ ਬਣਾ ਕੇ ਖੇਡਿਆ ਜਾ ਸਕਦਾ ਹੈ।<br>-ਵਿਦਿਆਰਥੀਆਂ ਦੁਆਰਾ ਉਹਨਾਂ ਦੇ ਜਨਮ ਦਿਨ ਦੀ ਮਿਤੀ ਦਾ ਕੈਲੰਡਰ ਬਣਾ ਕੇ ਜਮਾਤ ਵਿੱਚ ਲਗਾਇਆ ਜਾ ਸਕਦਾ ਹੈ। |
| **ਪਾਠ-17**<br>**ਸਮੇਂ ਦਾ ਮੁੱਲ**<br>**(ਕਹਾਣੀ)** | ਬੱਚਿਆਂ ਨੂੰ ਕਹਾਣੀ ਰਾਹੀਂ ਆਪਣੇ ਅਤੇ ਦੂਜਿਆਂ ਦੇ ਸਮੇਂ ਦੀ ਕਦਰ ਕਰਨ ਦੀ ਪ੍ਰੇਰਣਾ ਦਿੱਤੀ ਗਈ ਹੈ। | ਵਾਕ ਬਣਾਓ, ਗੁਰਮੁਖੀ ਸ਼ਬਦ, ਵਚਨ, ਪੜਨਾਂਵ ਸ਼ਬਦ। | -ਕਹਾਣੀ ਵਿਧਾ ਦੀ ਜਾਣਕਾਰੀ ਹਾਸਲ ਕਰਣਗੇ।<br>-ਸਮੇਂ ਦਾ ਮਹੱਤਵ ਸਮਝਣਗੇ।<br>-ਦੂਜਿਆਂ ਦੇ ਸਮੇਂ ਦੀ ਕਦਰ ਕਰਨਾ ਸਿੱਖਣਗੇ। | -ਕਹਾਣੀ ਪੜ੍ਹਦੇ ਹਨ।<br>-ਸਮੇਂ ਦਾ ਸਦਉਪਯੋਗ ਕਰਨਾ ਸਿੱਖਦੇ ਹਨ।<br>-ਪਾਠ ਅਭਿਆਸ ਲਿਖਦੇ ਹਨ। | -ਵਿਦਿਆਰਥੀਆਂ ਨੂੰ ਸਮੇਂ ਦਾ ਮਹੱਤਵ ਦੱਸਣ ਲਈ ਕੋਈ ਹੋਰ ਪ੍ਰੇਰਨਾਦਾਇਕ ਕਹਾਣੀ/ਘਟਨਾ ਸੁਣਾਈ ਜਾ ਸਕਦੀ ਹੈ।<br>-ਸਮੇਂ ਦਾ ਸਦਉਪਯੋਗ ਕਿਵੇਂ ਕੀਤਾ ਜਾ ਸਕਦਾ ਹੈ?ਕੁਝ ਸਤਰਾਂ ਲਿਖਣ ਲਈ ਦਿੱਤੀਆਂ ਜਾ ਸਕਦੀਆਂ ਹਨ। |

| | | | | | |
|---|---|---|---|---|---|
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਮੇਰਾ ਮਿੱਤਰ/ਸਹੇਲੀ,<br>ਪੱਤਰ- ਸਕੂਲ ਦੇ ਪ੍ਰਿੰਸੀਪਲ ਨੂੰ ਦੋ ਦਿਨਾਂ ਦੀ ਛੁੱਟੀ ਲੈਣ ਲਈ ਬੇਨਤੀ ਪੱਤਰ,<br>ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | -ਵਿਆਕਰਨ ਦੇ ਵੱਖ-ਵੱਖ ਰੂਪਾਂ ਦੀ ਜਾਣਕਾਰੀ ਹਾਸਲ ਕਰਨਗੇ।<br>-ਵੱਖ-ਵੱਖ ਵਿਆਕਰਣਕ ਇਕਾਈਆਂ ਵਿਚਲੇ ਅੰਤਰ ਨੂੰ ਸਮਝ ਸਕਣਗੇ।<br>-ਵਿਹਾਰਕ ਵਿਆਕਰਨ ਦਾ ਅਭਿਆਸ ਕਰਨਗੇ। | -ਲੇਖ ਲਿਖਣ ਦਾ ਅਭਿਆਸ ਕਰਦੇ ਹਨ।<br>-ਪੱਤਰ ਦਾ ਫਾਰਮੇਟ ਸਮਝਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਦਾ ਅਭਿਆਸ ਕਰਦੇ ਹਨ।<br>-ਕਿਸੇ ਵਿਸ਼ੇ ਉੱਤੇ ਜਾਂ ਕਿਸੇ ਚਿੱਤਰ ਨੂੰ ਦੇਖ ਕੇ ਛੋਟੇ-ਛੋਟੇ ਵਾਕ ਲਿਖਣ ਦਾ ਅਭਿਆਸ ਕਰਦੇ ਹਨ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਾਉਣਾ। ਕੋਈ ਵਿਸ਼ਾ ਜਾਂ ਚਿੱਤਰ ਦੇ ਕੇ ਵਾਕ ਲਿਖਣ ਦਾ ਅਭਿਆਸ ਕਰਾਉਣਾ।<br>-ਵਿਹਾਰਕ ਵਿਆਕਰਨ ਸੰਬੰਧੀ ਕੋਈ ਵਰਕਸ਼ੀਟ ਤਿਆਰ ਕਰਕੇ ਵਿਦਿਆਰਥੀਆਂ ਨੂੰ ਅਭਿਆਸ ਕਰਾਉਣਾ। |

- **ਉਪਰੋਕਤ ਪਾਠਕ੍ਰਮ 31 ਜਨਵਰੀ 2026 ਤੱਕ ਪੂਰਾ ਕਰ ਲਿਆ ਜਾਵੇ।**
- **ਪਾਠਕ੍ਰਮ ਪੂਰਾ ਹੋਣ ਉਪਰੰਤ ਦੁਹਰਾਈ ਕਰਵਾਈ ਜਾਵੇ।**
- **ਸਾਲਾਨਾ ਪ੍ਰੀਖਿਆ ਵਿੱਚ ਪੂਰੇ ਪਾਠਕ੍ਰਮ ਦਾ ਮੁਲਾਂਕਣ ਕੀਤਾ ਜਾਵੇਗਾ।**